# First India-United Kingdom Consular Dialogue

September 22, 2021

…………………………………………………………………………….

## ਭਾਰਤ- ਯੂਨਾਇਟੇਡ ਕਿੰਗਡਮ ਦਰਮਿਆਨ ਪਹਿਲੀ ਕੌਂਸਲਰ ਪੱਧਰੀ ਗੱਲਬਾਤ

**22 ਸਤੰਬਰ, 2021**

1. ਭਾਰਤ ਨੇ ਬੁੱਧਵਾਰ, 22 ਸਤੰਬਰ, 2021 ਨੂੰ ਵੀਡੀਓ ਕਾਨਫਰੈਂਸਿੰਗ ਰਾਹੀਂ ਹੋਈ ਭਾਰਤ-ਯੂਨਾਈਟਿਡ ਕਿੰਗਡਮ (UK) ਦੇ ਕੌਂਸਲਰ ਪੱਧਰੀ ਸੰਵਾਦ ਦੀ ਮੇਜ਼ਬਾਨੀ ਕੀਤੀ। ਭਾਰਤੀ ਵਫਦ ਦੀ ਅਗਵਾਈ ਵਿਦੇਸ਼ ਮੰਤਰਾਲੇ ਅੰਦਰ ਸਾਂਝਾ ਸਕੱਤਰ (CPV) ਸ਼੍ਰੀ ਦੇਵੇਸ਼ ਉੱਤਮ ਅਤੇ ਯੂਕੇ ਪੱਖ ਦੀ ਅਗਵਾਈ ਕੌਂਸਲਰ ਸੇਵਾਵਾਂ, ਵਿਦੇਸ਼, ਰਾਸ਼ਟਰਮੰਡਲ ਅਤੇ ਵਿਕਾਸ ਦਫਤਰ ਦੀ ਨਿਰਦੇਸ਼ਕ ਸ਼੍ਰੀਮਤੀ ਜੈਨੀਫਰ ਐਂਡਰਸਨ ਨੇ ਕੀਤੀ।

2. ਇਸ ਉਦਘਾਟਨੀ ਕੌਂਸਲਰ ਸੰਵਾਦ ਵਿੱਚ ਦੋਵਾਂ ਧਿਰਾਂ ਨੇ ਭਾਰਤ-ਯੂਕੇ 2030 ਦੀ ਰੂਪਰੇਖਾ ਦੇ ਹਿੱਸੇ ਵਜੋਂ ਦੋਵਾਂ ਦੇਸ਼ਾਂ ਦਰਮਿਆਨ ਲੋਕ ਪੱਧਰੀ ਸੰਪਰਕ ਨੂੰ ਹੋਰ ਮਜ਼ਬੂਤ ਕਰਨ ਦੇ ਤਰੀਕਿਆਂ ਬਾਰੇ ਵਿਚਾਰ ਵਟਾਂਦਰਾ ਕੀਤਾ, ਤਾਂ ਜੋ ਕੌਂਸਲਰ ਪਹੁੰਚ ਨੂੰ ਸੁਖਾਲਾ ਬਣਾਇਆ ਜਾ ਸਕੇ ਅਤੇ ਯੋਜਨਾਬੱਧ ਤਰੀਕੇ ਨਾਲ ਜਾਣਕਾਰੀ ਸਾਂਝਾ ਕਰ ਅਤੇ ਵੀਜ਼ਾ, ਹਵਾਲਗੀ ਦੇ ਮਾਮਲਿਆਂ ਅਤੇ ਆਪਸੀ ਕਾਨੂੰਨੀ ਸਹਾਇਤਾ ਕਰਨ ਵਰਗੇ ਤਰੀਕਿਆਂ ਸਮੇਤ ਕੌਂਸਲਰ ਸ਼ਿਕਾਇਤਾਂ ਦਾ ਛੇਤੀ ਨਿਪਟਾਰਾ ਕੀਤਾ ਜਾ ਸਕੇ।

3. ਦੋਵੇਂ ਧਿਰਾਂ ਨੇ ਆਪਸੀ ਸਹੂਲਤ ਦੇ ਸਮੇਂ 'ਤੇ ਇਸ ਸੰਵਾਦ ਦਾ ਅਗਲਾ ਗੇੜ 2022 ਵਿੱਚ ਲੰਡਨ ਵਿਖੇ ਕਰਾਉਣ ਨੂੰ ਆਪਣੀ ਸਹਿਮਤੀ ਦਿੱਤੀ।

ਨਵੀਂ ਦਿੱਲੀ
22 ਸਤੰਬਰ, 2021

DISCLAIMER: This is an approximate translation. The original is available in English on MEA's website and may be referred to as the official press release.